**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਜਗਜੀਤ ਸਿੰਘ,
ਪੁੱਤਰ ਸ਼੍ਰੀ ਹਕਮ ਸਿੰਘ,
ਮਕਾਨ ਨੰ:459-ਏ, ਸੈਕਟਰ-61,
ਚੰਡੀਗੜ੍ਹ। -----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ ਡਾਇਰੈਕਟਰ,ਤਕਨੀਕੀ ਸਿੱਖਿਆ ਤੇ
ਉਦਯੋਗਿਕ ਸਿਖਲਾਈ (ਆਈ.ਟੀ. ਵਿੰਗ),
ਪੰਜਾਬ, ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ:240/2019**

**ਹਾਜ਼ਰ:-**
1) ਸ਼੍ਰੀ ਜਗਜੀਤ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ-ਲੋਕ ਸੂਚਨਾ ਅਧਿਕਾਰੀ (94170-56651) ਅਤੇ ਸ਼੍ਰੀ ਸੁਖਜਿੰਦਰ ਸਿੰਘ, ਕਲਰਕ (90410-77112)।

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ, ਮਿਤੀ 01-02-2019 ਨੂੰ ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ (ਆਈ.ਟੀ. ਵਿੰਗ), ਪੰਜਾਬ, ਚੰਡੀਗੜ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਡਾਇਰੈਕਟੋਰੇਟ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਪੰਜਾਬ ਦੀ ਅੰਬੈਸਡਰ ਕਾਰ ਨੰ:ਸੀ.ਐਚ.01-ਡਬਲਿਯੂ-5676 ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਮਿਤੀ 07-03-2019 ਨੂੰ ਸ਼ਿਕਾਇਤਕਰਤਾ ਨੇ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-04-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 13-05-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 15-07-2019 ਤੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਉੱਤਰਦਾਤਾ, ਵੱਲੋਂ ਹਾਜ਼ਰ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ-ਲੋਕ ਸੂਚਨਾ ਅਧਿਕਾਰੀ ਨੇ ਪੱਤਰ ਨੰ:ਆਈ.ਟੀ./ਰਾ.ਟੂ ਇੰਨ.ਐਕਟ/2005/16/ ਜਗਜੀਤ ਸਿੰਘ/1163, ਮਿਤੀ 13-07-2019 ਰਾਹੀਂ ਆਪਣਾ ਜਵਾਬ ਪੇਸ਼ ਕੀਤਾ ਸੀ ਜਿਸ ਦੀ ਇੱਕ ਕਾਪੀ ਸ਼ਿਕਾਇਤਕਰਤਾ ਨੂੰ ਵੀ ਦੇ ਦਿੱਤੀ ਗਈ ਸੀ। ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਮਿਸਲ ਤੇ ਰੱਖ ਲਿਆ ਗਿਆ ਸੀ। ਸ਼ਿਕਾਇਤਕਰਤਾ ਨੇ ਉੱਤਰਦਾਤਾ ਦੇ ਜਵਾਬ ਸਬੰਧੀ ਆਪਣਾ ਜਵਾਬ ਪੇਸ਼ ਕਰਨ ਲਈ ਸਮਾਂ ਮੰਗਿਆ ਸੀ। ਸ਼ਿਕਾਇਤਕਰਤਾ ਵੱਲੋਂ ਆਪਣੀ ਈ.ਮੇਲ, ਮਿਤੀ 15-07-2019 ਰਾਹੀਂ ਵੀ ਬੇਨਤੀ ਕੀਤੀ ਗਈ ਸੀ ਕਿ ਉੱਤਰਦਾਤਾ ਵੱਲੋਂ ਪੱਤਰ, ਮਿਤੀ 13-07-2019 ਰਾਹੀਂ ਪੇਸ਼ ਕੀਤੇ ਗਏ ਜਵਾਬ ਸਬੰਧੀ ਸ਼ਿਕਾਇਤਕਰਤਾ ਵੱਲੋਂ ਆਪਣਾ ਜਵਾਬ ਪੇਸ਼ ਕਰਨ ਅਤੇ ਆਪਣਾ ਪੱਖ ਪੇਸ਼ ਕਰਨ ਤੋਂ ਬਾਅਦ ਹੀ ਇਸ ਕੇਸ ਵਿੱਚ ਕੋਈ ਫੈਸਲਾ ਕੀਤਾ ਜਾਵੇ। ਇਸ ਮਾਮਲੇ ਵਿੱਚ ਡੂੰਘਾਈ ਨਾਲ ਘੋਖ-ਵਿਚਾਰ ਕਰਨ ਵਾਸਤੇ ਇਸ ਕੇਸ ਵਿੱਚ ਫੈਸਲਾ ਰਿਜ਼ਰਵ ਰੱਖਿਆ ਗਿਆ ਸੀ।

3. ਹੁਣ ਸ਼ਿਕਾਇਤਕਰਤਾ ਵੱਲੋਂ ਵੀ ਈ.ਮੇਲ, ਮਿਤੀ 24-07-2019 ਰਾਹੀਂ ਉੱਤਰਦਾਤਾ ਦੇ ਜਵਾਬ ਦੇ

ਪਰਤੋ ਜੀ----ਚਲਦਾ ਪੰਨਾ/2

ਵਿਰੁੱਧ ਆਪਣਾ ਜਵਾਬ ਕਮਿਸ਼ਨ ਨੂੰ ਪੇਸ਼ ਕਰ ਦਿੱਤਾ ਹੈ।

4. ਉੱਤਰਦਾਤਾ ਵੱਲੋ ਆਪਣੇ ਜਵਾਬ ਰਾਹੀਂ ਸ਼ਿਕਾਇਤਕਰਤਾ ਵਿਰੁੱਧ ਚੱਲ ਰਹੇ ਕਈ ਕੇਸਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਸ਼ਿਕਾਇਤਕਰਤਾ ਆਰ.ਟੀ.ਆਈ.ਐਕਟ, 2005 ਦੀ ਦੁਰਵਰਤੋਂ ਕਰ ਕੇ ਵਾਰ-ਵਾਰ ਪ੍ਰਤੀ-ਬੇਨਤੀਆਂ ਕਰਕੇ ਵਿਭਾਗ ਕੋਲੋਂ ਆਰ.ਟੀ.ਆਈ.ਐਕਟ, 2005 ਤਹਿਤ ਸੂਚਨਾ ਮੰਗ ਕੇ ਵਿਭਾਗ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਉਨ੍ਹਾਂ ਵੱਲੋਂ ਇਸ ਸਬੰਧੀ ਆਪਣੇ ਪੱਤਰ ਨੰ:ਆਈ.ਟੀ./ਆਰ.ਟੀ. ਐਕਟ,2005/16/ ਜਗਜੀਤ ਸਿੰਘ/1163, ਮਿਤੀ 13-07-2019 ਰਾਹੀਂ ਇੱਕ ਵਿਸ਼ੇਸ਼ ਕੇਸ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ਸ਼ਿਕਾਇਤਕਰਤਾ, ਸ਼੍ਰੀ ਜਗਜੀਤ ਸਿੰਘ ਨੂੰ ਸੀ.ਬੀ.ਆਈ. ਵੱਲੋਂ ਮਿਤੀ 17-02-2017 ਨੂੰ 50,000/-ਰੁਪਏ (ਕੇਵਲ ਪੰਜਾਹ ਰੁਪਏ) ਦੀ ਰਿਸ਼ਵਤ ਲੈਂਦੇ ਹੋਏ ਰੰਗੀ ਹੱਥੀਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਕੇਸ ਵਿੱਚ ਸੀ.ਬੀ.ਆਈ. ਵੱਲੋਂ ਐਫ.ਆਈ.ਆਰ. ਨੰ:RCCHG2017ਂ0004, ਮਿਤੀ 17-02-2017 ਦਰਜ ਕੀਤੀ ਗਈ ਸੀ। ਇਹ ਕੇਸ ਮਾਣਯੋਗ ਅਦਾਲਤ ਦੇ ਵਿਚਾਰ-ਅਧੀਨ ਹੈ।ਇਸ ਤੋਂ ਇਲਾਵਾ ਉੱਤਰਦਾਤਾ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਪ੍ਰਬੰਧਕੀ ਵਿਭਾਗ ਵੱਲੋਂ ਆਪਣੇ ਪੱਤਰ ਨੰ:10/09/2017-1ਤਸਿ1/249। ਮਿਤੀ 21-02-2017 ਰਾਹੀਂ ਸ਼ਿਕਾਇਤਕਰਤਾ, ਸ਼੍ਰੀ ਜਗਜੀਤ ਸਿੰਘ, ਸੰਯੁਕਤ ਡਾਇਰੈਕਟਰ, ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਨੂੰ ਸੀ.ਬੀ.ਆਈ. ਵੱਲੋ ਹਿਰਾਸਤ ਵਿੱਚ ਲਏ ਜਾਣ ਦੀ ਮਿਤੀ 17-02-2017 ਤੋਂ ਪੰਜਾਬ ਸਿਵਲ ਸੇਵਾਵਾਂ (ਦੰਡ ਦੇ ਅਪੀਲ) ਨਿਯਮ, 1970 ਦੇ ਰੂਲ 4(2) ਦੇ ਸਨਮੁੱਖ ਮੁਅੱਤਲ ਕੀਤਾ ਗਿਆ ਹੈ ਅਤੇ ਪ੍ਰਬੰਧਕੀ ਵਿਭਾਗ ਵੱਲੋਂ ਆਪਣੇ ਪੱਤਰ ਨੰ:10/09/2017-1ਤਸਿ1/1069418, ਮਿਤੀ 20-09-2017 ਰਾਹੀਂ ਸ਼ਿਕਾਇਤਕਰਤਾ, ਸ਼੍ਰੀ ਜਗਜੀਤ ਸਿੰਘ, ਸੰਯੁਕਤ ਡਾਇਰੈਕਟਰ (ਮੁਅੱਤਲੀ ਅਧੀਨ) ਵਿਰੁੱਧ ਅਗਲੀ ਕਾਰਵਾਈ ਕਰਨ ਹਿੱਤ ਸਮਾਇਤ ਮੰਨਜੂਰੀ ਜਾਰੀ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਸ਼ਿਕਾਇਤਕਰਤਾ (ਸ਼੍ਰੀ ਜਗਜੀਤ ਸਿੰਘ) ਵੱਲੋਂ ਵੱਖ-ਵੱਖ ਸਮੇਂ ਤੇ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਦੀਆਂ ਸ਼ਿਕਾਇਤਾਂ ਮਿਤੀ 4/2/2019,1/3/2019, 25/3/2019 ਅਤੇ 13/2/2019 ਆਦਿ ਕੀਤੀਆਂ ਗਈਆਂ ਹਨ। ਇਸ ਸਬੰਧੀ ਰਾਜ ਸਰਕਾਰ ਵਲੋਂ ਵੀ ਸਖਤ ਨੋਟਿਸ ਲਿਆ ਗਿਆ ਹੈ ਅਤੇ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਵੱਲੋਂ ਆਪਣੀ ਪ੍ਰਤੀਬੇਨਤੀ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ ਨੂੰ ਮੀਮੋ:ਨੰ:ਪੀ.ਏ./ਵਧੀਕ ਡਾਇਰੈਕਟਰ/2019/16, ਮਿਤੀ 1/7/2019 ਦਿੰਦੇ ਹੋਏ ਲਿਖਿਆ ਗਿਆ ਹੈ ਕਿ ਫੌਜਦਾਰੀ ਕੇਸ ਜੋ ਕਿ ਸ਼ਿਕਾਇਕਰਤਾ (ਸ਼੍ਰੀ ਜਗਜੀਤ ਸਿੰਘ) ਵਿਰੁੱਧ ਸੀ.ਬੀ.ਆਈ. ਵੱਲੋਂ ਦਰਜ ਕੀਤਾ ਗਿਆ ਹੈ, ਵਿੱਚ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਵਿਭਾਗੀ ਕਾਡਰ ਵਿੱਚ ਵਿਭਾਗ ਦੀ ਸੀਨੀਅਰ ਅਧਿਕਾਰੀ ਹੋਣ ਕਾਰਨ ਸੀ.ਬੀ.ਆਈ. ਵੱਲੋਂ ਉਨ੍ਹਾਂ ਨੂੰ ਬਤੌਰ ਸਰਕਾਰੀ ਗਵਾਹ ਦੇ ਤੌਰ ਤੇ ਨਾਮਜ਼ਦ ਕੀਤਾ ਗਿਆ ਹੈ।ਸ਼ਿਕਾਇਤਕਰਤਾ ਵੱਲੋਂ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਦੀਆਂ ਝੂਠੀਆਂ ਸ਼ਿਕਾਇਤਾਂ ਸਿੱਧੇ ਅਤੇ ਅਸਿੱਧੇ ਤੌਰ ਤੇ ਕਰਕੇ ਅਤੇ ਆਰ.ਟੀ.ਆਈ. ਐਕਟ ਅਧੀਨ ਵਾਰ-ਵਾਰ ਸੂਚਨਾ ਮੰਗ ਕੇ ਉਸ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰ ਰਿਹਾ ਹੈ ਤਾਂ ਜੋ ਸੀ.ਬੀ.ਆਈ. ਕੇਸ ਵਿੱਚ ਸਰਕਾਰੀ ਗਵਾਹ ਤੇ ਦਬਾਅ ਪਾਉਣ/ਸ਼ਿਕਾਇਤਾਂ ਕਰ ਕੇ ਫੌਜਦਾਰੀ ਕੇਸ ਵਿੱਚ

ਪਰਤੋ ਜੀ----ਚਲਦਾ ਪੰਨਾ/3

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਵਿਭਾਗੀ ਪੱਖ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਇਸ ਤਰ੍ਹਾਂ ਉੱਤਰਦਾਤਾ ਵੱਲੋਂ ਆਪਣੇ ਜਵਾਬ ਰਾਹੀਂ ਕਿਹਾ ਗਿਆ ਹੈ ਕਿ ਸ਼ਿਕਾਇਤਕਰਤਾ, ਵੱਲੋਂ ਆਰ.ਟੀ.ਆਈ. ਐਕਟ, 2005 ਦੀ ਦੁਰਵਰਤੋਂ ਕਰਦੇ ਹੋਏ ਆਪਣੇ ਵਿਰੁੱਧ ਚੱਲ ਰਹੇ ਫੌਜਦਾਰੀ ਕੇਸ ਨੂੰ ਪ੍ਰਭਾਵਿਤ ਕਰਨ ਲਈ ਹਥਲੇ ਕੇਸ ਵਿੱਚ ਸੂਚਨਾ ਮੰਗੀ ਜਾ ਰਹੀ ਹੈ ਅਤੇ ਇਸ ਵਿੱਚ ਕੋਈ ਲੋਕ ਹਿੱਤ ਸ਼ਾਮਿਲ ਨਹੀਂ ਹੈ। ਇਸ ਲਈ ਉੱਤਰਦਾਤਾ ਵੱਲੋਂ ਇਹ ਕੇਸ ਦਾਖਲ ਦਫ਼ਤਰ ਕਰਨ ਲਈ ਬੇਨਤੀ ਕੀਤੀ ਗਈ ਹੈ।

5. ਸ਼ਿਕਾਇਤਕਰਤਾ ਨੇ ਉੱਤਰਦਾਤਾ ਵੱਲੋ ਲਗਾਏ ਗਏ ਦੋਸ਼ਾਂ ਨੂੰ ਨਕਾਰਦਿਆਂ ਹੋਇਆਂ, ਉਤਰਦਾਤਾ ਵਿਰੁੱਧ ਦੋਸ਼ ਲਗਾਉਂਦੇ ਹੋਏ ਕਿਹਾ ਗਿਆ ਹੈ ਕਿ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ-ਕਮ-ਲੋਕ ਸੂਚਨਾ ਅਧਿਕਾਰੀ ਵੱਲੋਂ ਆਪਣੇ ਅਹੁਦੇ ਦੀ ਦੁਰਵਰਤੋਂ ਕਰਦੇ ਹੋਏ ਮੰਦ-ਭਾਵਨਾ ਨਾਲ ਉਸ ਨੂੰ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਰਹੀ।ਸ਼ਿਕਾਇਤਕਰਤਾ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਉੱਤਰਦਾਤਾ ਵੱਲੋ ਆਰ.ਟੀ.ਆਈ.ਐਕਟ ਦੀ ਉਲੰਘਣਾ ਕੀਤੀ ਜਾ ਰਹੀ ਹੈ। ਸ਼ਿਕਾਇਤਕਰਤਾ ਵੱਲੋਂ ਇਸ ਸਬੰਧੀ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ, ਮਿਤੀ 31-01-2019 ਜੋ ਕਿ ਪਿੱਠ ਅੰਕਣ ਨੰ:10/57/2012-1ਤਸਿ1/1408903/2, ਮਿਤੀ 01-02-2019 ਰਾਹੀਂ ਜਾਰੀ ਕੀਤੇ ਗਏ, ਦੀ ਕਾਪੀ ਪੇਸ਼ ਕਰਦੇ ਹੋਏ ਦੱਸਿਆ ਗਿਆ ਹੈ ਕਿ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਵਿਭਾਗ, ਪੰਜਾਬ ਵੱਲੋਂ ਇੱਕ ਵੱਖਰੇ ਕੇਸ ਵਿੱਚ 8 ਲੱਖ ਰੁਪਏ ਦੀ ਰਿਸ਼ਵਤ ਲੈਣ ਸਬੰਧੀ ਪੱਤਰ ਨੰ:10/57/2012-1ਤਸਿ1/2357, ਮਿਤੀ

25-10-2012 ਰਾਹੀਂ ਸ਼ਿਕਾਇਤਕਰਤਾ ਵਿਰੁੱਧ ਜਾਰੀ ਕੀਤੀ ਗਈ ਗਈ ਚਾਰਜਸ਼ੀਟ ਦਾਖਲ ਦਫ਼ਤਰ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾਂ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

6. ਸ਼ਿਕਾਇਤਕਰਤਾ ਵੱਲੋਂ 01-04-2010 ਤੋਂ ਮਿਤੀ-ਅੰਤ ਤੱਕ, ਡਾਇਰੈਕਟੋਰੇਟ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਪੰਜਾਬ ਦੀ ਅੰਬੈਸਡਰ ਕਾਰ ਨੰ:ਸੀ.ਐਚ.01- ਡਬਲਿਯੂ-5676 ਨਾਲ ਸਬੰਧਤ ਹੇਠਾਂ ਦਰਸਾਏ ਗਏ 04 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਹੈ:-

(1) ਸਟਾਫ ਜਾਂ ਕਿਸੇ ਖਾਸ ਅਧਿਕਾਰੀ ਨੂੰ ਅਬੈਂਸਡਰ ਕਾਰ ਨੰ:CH01W5676 ਦੀ ਵਰਤੋਂ ਲਈ ਆਗਿਆ ਦੇਣ ਬਾਰੇ ਹੁਕਮਾਂ ਦੀ ਕਾਪੀ;

(2) ਅਬੈਂਸਡਰ ਕਾਰ ਨੰ:CH01W5676 ਦੀ ਲਾਗ ਬੁੱਕ ਦੀ ਕਾਪੀ (ਸਮੇਤ ਸੜਕ ਤੇ ਚੱਲਣ ਦੀ ਮਿਤੀ, ਚਲਾਣ ਵਾਲੇ ਵਿਅਕਤੀ ਅਤੇ ਵਰਤੋਂ ਦੇ ਮੰਤਵ ਦੇ ਵੇਰਵੇ);

(3) ਅਬੈਂਸਡਰ ਕਾਰ ਨੰ:CH01W5676 ਵਿੱਚ ਤੇਲ ਪਾਉਣ ਵਾਲੇ ਤੇਲ ਦੇ ਬਿੱਲਾਂ ਦੀ ਕਾਪੀ; ਅਤੇ

(4) ਅਬੈਂਸਡਰ ਕਾਰ ਨੰ:CH01W5676 ਨੂੰ ਮਿਤੀ 01-04-2010 ਤੋਂ ਹੁਣ ਤੱਕ ਵਰਤੋਂ ਕਰਨ ਨਾਲ ਕੁੱਲ ਕਿਲੋਮੀਟਰਾਂ ਦਾ ਵੇਰਵਾ ਅਤੇ ਵਰਤਣ ਵਾਲੇ ਅਧਿਕਾਰੀਆਂ ਦੇ ਨਾਮ ਅਤੇ ਹਰੇਕ ਅਧਿਕਾਰੀ ਵੱਲੋਂ ਕਿੰਨੇ

ਪਰਤੋ ਜੀ----ਚਲਦਾ ਪੰਨਾ/4

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਕਿਲੋਮੀਟਰ ਚਲਾਈ ਗਈ, ਦਾ ਵੇਰਵਾ।

7. ਕਮਿਸ਼ਨ ਵੱਲੋਂ ਦੋਵਾਂ ਧਿਰਾਂ ਵੱਲੋਂ ਪੇਸ਼ ਕੀਤੇ ਗਏ ਜਵਾਬ ਅਤੇ ਦਫਤਰੀ ਰਿਕਾਰਡ ਤੇ ਆਏ ਤੱਥਾਂ ਨੂੰ ਨੂੰ ਗਹੁ ਨਾਲ ਘੋਖਿਆ ਗਿਆ ਹੈ।ਦੋਵਾਂ ਧਿਰਾਂ ਵੱਲੋਂ ਇੱਕ ਦੂਜੇ ਤੇ ਲਗਾਏ ਗਏ ਦੋਸ਼ਾਂ ਦਾ ਭਾਵੇਂ ਕਿ ਆਰ.ਟੀ.ਆਈ. ਐਕਟ, 2005 ਨਾਲ ਕੋਈ ਸਬੰਧ ਨਹੀਂ ਹੈ ਪਰੰਤੂ ਇਹ ਜ਼ਰੂਰ ਜ਼ਾਹਿਰ ਹੁੰਦਾ ਹੈ ਕਿ ਸ਼ਿਕਾਇਤਕਰਤਾ ਵੱਲੋਂ ਆਰ.ਟੀ.ਆਈ.ਅਰਜ਼ੀ ਕੇਵਲ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਨੂੰ ਪ੍ਰੇਸ਼ਾਨ ਕਰਨ ਲਈ ਪਾਈ ਗਈ ਹੈ ਕਿਉਂਕਿ ਜਿਹੜੀ ਸਰਕਾਰੀ ਕਾਰ ਬਾਰੇ ਸੂਚਨਾ ਮੰਗੀ ਗਈ ਹੈ, ਉਹ ਇਸ ਅਧਿਕਾਰੀ ਨੂੰ ਅਲਾਟ ਕੀਤੀ ਹੋਈ ਹੈ। ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਵਿਭਾਗੀ ਕਾਡਰ ਵਿੱਚ ਵਿਭਾਗ ਦੀ ਸੀਨੀਅਰ ਅਧਿਕਾਰੀ ਹੋਣ ਕਾਰਨ ਸੀ.ਬੀ.ਆਈ. ਵੱਲੋਂ ਸ਼ਿਕਾਇਤਕਰਤਾ ਵਿਰੁੱਧ ਦਰਜ ਫੌਜ਼ਦਾਰੀ ਕੇਸ ਵਿੱਚ ਬਤੌਰ ਸਰਕਾਰੀ ਗਵਾਹ ਦੇ ਤੌਰ ਤੇ ਨਾਮਜ਼ਦ ਕੀਤੇ ਹੋਏ ਹਨ।ਇਸ ਤਰ੍ਹਾਂ ਸ਼ਿਕਾਇਤਕਰਤਾ ਵੱਲੋਂ ਉਸ ਤੇ ਸੀ.ਬੀ.ਆਈ. ਵੱਲੋਂ ਫੌਜ਼ਦਾਰੀ ਕੇਸ ਦਰਜ ਕਰਨ ਤੋਂ ਬਾਅਦ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਦੀ ਸਰਕਾਰੀ ਗਵਾਹੀ ਨੂੰ ਪ੍ਰਭਾਵਿਤ ਕਰ ਕੇ ਸਰਕਾਰੀ ਪੱਖ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਸ ਵੱਲੋਂ ਮੰਗੀ ਗਈ ਸੂਚਨਾ ਵਿੱਚ ਕੋਈ ਲੋਕ ਹਿੱਤ ਨਜ਼ਰ ਨਹੀਂ ਆਉਂਦਾ।ਇਸ ਸਥਿਤੀ ਦੇ ਸਨਮੁੱਖ ਅ,ਤੇ ਇਹ ਇੱਕ ਸ਼ਿਕਾਇਤ ਕੇਸ ਹੋਣ ਕਾਰਨ ਸ਼ਿਕਾਇਤਕਰਤਾ ਨੂੰ ਕੋਈ ਸੂਚਨਾ ਮੁਹੱਈਆ ਕਰਾਉਣੀ ਨਹੀਂ ਬਣਦੀ।ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 09 **ਸਤੰਬਰ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਜਗਜੀਤ ਸਿੰਘ,
ਪੁੱਤਰ ਸ਼੍ਰੀ ਹਕਮ ਸਿੰਘ,
ਮਕਾਨ ਨੰ:459-ਏ, ਸੈਕਟਰ-61,
ਚੰਡੀਗੜ੍ਹ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ ਡਾਇਰੈਕਟਰ,ਤਕਨੀਕੀ ਸਿੱਖਿਆ ਤੇ
ਉਦਯੋਗਿਕ ਸਿਖਲਾਈ (ਆਈ.ਟੀ. ਵਿੰਗ),
ਪੰਜਾਬ, ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ:241/2019**

**ਹਾਜ਼ਰ:-** 1) ਸ਼੍ਰੀ ਜਗਜੀਤ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਭਜਨ ਸਿੰਘ ਸੈਣੀ, ਸਹਾਇਕ ਲੋਕ ਸੂਚਨਾ ਅਧਿਕਾਰੀ (94642-70498) ਅਤੇ ਸ਼੍ਰੀ ਰਸ਼ਪਾਲ ਸਿੰਘ, ਸੀਨੀਅਰ ਸਹਾਇਕ (78883-37162)।

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ, ਮਿਤੀ 31-01-2019 (ਪ੍ਰਾਪਤੀ ਮਿਤੀ 01-02-2019) ਨੂੰ ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ (ਆਈ.ਟੀ. ਵਿੰਗ), ਪੰਜਾਬ, ਚੰਡੀਗੜ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਮਿਤੀ 01-04-2005 ਤੋ 31-03-2018 ਤੱਕ ਸਾਰੀਆਂ ਸ਼੍ਰੇਣੀਆਂ ਲਈ ਕੀਤੀ ਗਈ ਭਰਤੀ ਦੇ ਉਮੀਦਵਾਰਾਂ ਦੇ ਸਰਟੀਫਿਕੇਟਾਂ/ਟੈਸਟੀਮੋਨੀਅਲ ਅਤੇ ਦਸਤਾਵੇਜ਼ਾਂ ਦੀ ਸਕਰੂਟਨੀ/ਚੈਕਿੰਗ/ਵੈਰੀਫਿਕੇਸ਼ਨ ਲਈ ਗਠਿਤ ਕੀਤੀਆਂ ਗਈਆਂ ਕਮੇਟੀਆਂ ਅਤੇ ਹੋਰ ਸਬੰਧਤ ਮਾਮਲੇ, ਮੈਰਿਟ ਲਿਸਟਾਂ ਆਦਿ ਨਾਲ ਸਬੰਧਤ 08 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਮਿਤੀ 07-03-2019 ਨੂੰ ਸ਼ਿਕਾਇਤਕਰਤਾ ਨੇ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 05-04-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 13-05-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 13-05-2019 ਤੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਸ਼ਿਕਾਇਤਕਰਤਾ ਨੇ ਕਿਹਾ ਸੀ ਕਿ ਉਸ ਨੂੰ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਭਜਨ ਸਿੰਘ ਸੈਣੀ, ਸਹਾਇਕ ਲੋਕ ਸੂਚਨਾ ਅਧਿਕਾਰੀ ਨੇ ਪੱਤਰ ਨੰ:ਆਈ.ਟੀ./ਰਾ.ਟੂ ਇੰਨ.ਐਕਟ/2005/16/ਜਗਜੀਤ ਸਿੰਘ/863, ਮਿਤੀ 13-05-2019 ਜਿਸ ਦੀ ਕਾਪੀ ਅਪੀਲਕਰਤਾ ਨੂੰ ਵੀ ਪਿੱਠ ਅੰਕਿਤ ਕੀਤੀ ਹੋਈ ਸੀ, ਪੇਸ਼ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਆਪਣੇ ਵਿਭਾਗ ਦੀ ਭਰਤੀ ਅਤੇ ਪ੍ਰਸ਼ਾਸਨ ਸ਼ਾਖਾ ਅਤੇ ਹੋਰ ਸਬੰਧਤ ਸ਼ਾਖਾਵਾਂ ਤੋਂ ਮੰਗੀ ਗਈ ਸੀ। ਪਰੰਤੂ ਸਬੰਧਤ ਸ਼ਾਖਾਵਾਂ ਵੱਲੋ ਆਰ.ਟੀ.ਆਈ. ਸ਼ਾਖਾ ਨੂੰ ਸੂਚਨਾ ਨਹੀਂ ਭੇਜੀ ਗਈ ਸੀ। ਇਸ ਲਈ ਹਾਜ਼ਰ ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਨੂੰ ਸੂਚਨਾ ਦੇਣ ਲਈ ਸਮੇਂ ਦੀ ਮੰਗ ਕੀਤੀ ਗਈ ਸੀ। ਹਾਜ਼ਰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਸਬੰਧਤ ਸ਼ਾਖਾਵਾਂ ਨਾਲ ਨਿੱਜੀ ਪੱਧਰ ਤੇ ਸੰਪਰਕ ਕਰਕੇ ਸ਼ਿਕਾਇਤਕਰਤਾ ਨੂੰ ਮੰਗੀ ਗਈ ਸੂਚਨਾ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ

ਪਰਤੋ ਜੀ---ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 24-06-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਪੇਸ਼ੀ, ਮਿਤੀ 24-06-2019 ਤੇ ਫਿਰ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਉੱਤਰਦਾਤਾ, ਵੱਲੋਂ ਹਾਜ਼ਰ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ-ਲੋਕ ਸੂਚਨਾ ਅਧਿਕਾਰੀ ਨੇ ਪੱਤਰ ਨੰ:ਆਈ.ਟੀ./ਰਾ.ਟੂ ਇੰਨ.ਐਕਟ/2005/16/ ਜਗਜੀਤ ਸਿੰਘ/1065, ਮਿਤੀ 20-06-2019 ਜ਼ੋ ਕਿ ਸ਼ਿਕਾਇਤਕਰਤਾ ਨੂੰ ਸੰਬੋਧਿਤ ਸੀ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਰਜਿਸਟਰਡ ਡਾਕ ਰਾਹੀਂ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤੀ ਗਈ ਪੱਤਰ ਦੀ ਕਾਪੀ ਮਿਸਲ ਤੇ ਰੱਖ ਲਈ ਗਈ ਸੀ। ਉੱਤਰਦਾਤਾ ਵੱਲੋਂ ਇਸ ਬਾਰੇ ਆਪਣੇ ਪੱਤਰ ਨੰ:ਆਈ.ਟੀ./ਰਾ.ਟੂ ਇੰਨ.ਐਕਟ/2005/16/ਜਗਜੀਤ ਸਿੰਘ/1066, ਮਿਤੀ 20-06-2019 ਰਾਹੀਂ ਵੀ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼ਿਕਾਇਤਕਰਤਾ ਨੂੰ ਜਵਾਬ ਦਿੱਤਾ ਗਿਆ ਸੀ ਕਿ ਆਰ.ਟੀ.ਆਈ. ਐਕਟ,2005 ਅਨੁਸਾਰ ਸ਼ਿਕਾਇਤਕਰਤਾ ਨੂੰ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਸ਼ਿਕਾਇਤਕਰਤਾ ਨੇ ਕਿਹਾ ਸੀ ਕਿ ਉੱਤਰਦਾਤਾ ਵੱਲੋਂ ਆਪਣੇ ਜਵਾਬ ਰਾਹੀਂ ਉਸ ਨੂੰ ਸੂਚਨਾ ਦੇਣ ਤੋਂ ਇੰਨਕਾਰ ਕੀਤਾ ਗਿਆ ਸੀ ਜਿਸ ਕਰਕੇ ਉੱਤਰਦਾਤਾ ਵੱਲੋ ਦਿੱਤਾ ਗਿਆ ਜਵਾਬ ਸਹੀ ਨਹੀਂ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਇਸ ਮਾਮਲੇ ਤੇ ਦੁਬਾਰਾ ਵਿਚਾਰ ਕਰਕੇ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਬਾਰੇ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਵਿਸਥਾਰ-ਪੂਰਵਕ ਜਵਾਬ ਸ਼ਿਕਾਇਤਕਰਤਾ ਨੂੰ ਭੇਜ਼ ਕੇ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 15-07-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

4. ਪੇਸ਼ੀ, ਮਿਤੀ 15-07-2019 ਤੇ ਫਿਰ ਦੋਵੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ ਸੀ। ਉੱਤਰਦਾਤਾ, ਵੱਲੋਂ ਹਾਜ਼ਰ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ, ਉਦਯੋਗਿਕ ਸਿਖਲਾਈ-ਕਮ-ਲੋਕ ਸੂਚਨਾ ਅਧਿਕਾਰੀ ਨੇ ਪੱਤਰ ਨੰ:ਆਈ.ਟੀ./ਰਾ.ਟੂ ਇੰਨ.ਐਕਟ/2005/16/ ਜਗਜੀਤ ਸਿੰਘ/1162, ਮਿਤੀ 13-07-2019 ਰਾਹੀਂ ਆਪਣਾ ਜਵਾਬ ਪੇਸ਼ ਕੀਤਾ ਸੀ ਜਿਸ ਦੀ ਇੱਕ ਕਾਪੀ ਸ਼ਿਕਾਇਤਕਰਤਾ ਨੂੰ ਵੀ ਦੇ ਦਿੱਤੀ ਗਈ ਸੀ। ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਮਿਸਲ ਤੇ ਰੱਖ ਲਿਆ ਗਿਆ ਸੀ। ਸ਼ਿਕਾਇਤਕਰਤਾ ਨੇ ਉੱਤਰਦਾਤਾ ਦੇ ਜਵਾਬ ਸਬੰਧੀ ਆਪਣਾ ਜਵਾਬ ਪੇਸ਼ ਕਰਨ ਲਈ ਸਮਾਂ ਮੰਗਿਆ ਸੀ। ਸ਼ਿਕਾਇਤਕਰਤਾ ਵੱਲੋਂ ਆਪਣੀ ਈ.ਮੇਲ, ਮਿਤੀ 15-07-2019 ਰਾਹੀਂ ਵੀ ਬੇਨਤੀ ਕੀਤੀ ਗਈ ਸੀ ਕਿ ਉੱਤਰਦਾਤਾ ਵੱਲੋਂ ਪੱਤਰ, ਮਿਤੀ 13-07-2019 ਰਾਹੀਂ ਪੇਸ਼ ਕੀਤੇ ਗਏ ਜਵਾਬ ਸਬੰਧੀ ਸ਼ਿਕਾਇਤਕਰਤਾ ਵੱਲੋਂ ਆਪਣਾ ਜਵਾਬ ਪੇਸ਼ ਕਰਨ ਅਤੇ ਆਪਣਾ ਪੱਖ ਪੇਸ਼ ਕਰਨ ਤੋਂ ਬਾਅਦ ਹੀ ਇਸ ਕੇਸ ਵਿੱਚ ਕੋਈ ਫੈਸਲਾ ਕੀਤਾ ਜਾਵੇ। ਇਸ ਮਾਮਲੇ ਵਿੱਚ ਡੂੰਘਾਈ ਨਾਲ ਘੋਖ-ਵਿਚਾਰ ਕਰਨ ਵਾਸਤੇ ਇਸ ਕੇਸ ਵਿੱਚ ਫੈਸਲਾ ਰਿਜ਼ਰਵ ਰੱਖਿਆ ਗਿਆ ਸੀ।

5. ਹੁਣ ਸ਼ਿਕਾਇਤਕਰਤਾ ਵੱਲੋਂ ਵੀ ਈ.ਮੇਲ, ਮਿਤੀ 24-07-2019 ਰਾਹੀਂ ਉੱਤਰਦਾਤਾ ਦੇ ਜਵਾਬ ਦੇ

ਪਰਤੋ ਜੀ---ਚਲਦਾ ਪੰਨਾ/3

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਵਿਰੁੱਧ ਆਪਣਾ ਜਵਾਬ ਕਮਿਸ਼ਨ ਨੂੰ ਪੇਸ਼ ਕਰ ਦਿੱਤਾ ਹੈ।

6. ਉੱਤਰਦਾਤਾ ਵੱਲੋ ਆਪਣੇ ਜਵਾਬ ਰਾਹੀਂ ਸ਼ਿਕਾਇਤਕਰਤਾ ਵਿਰੁੱਧ ਚੱਲ ਰਹੇ ਕਈ ਕੇਸਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਹੈ ਕਿ ਸ਼ਿਕਾਇਤਕਰਤਾ ਆਰ.ਟੀ.ਆਈ.ਐਕਟ, 2005 ਦੀ ਦੁਰਵਰਤੋਂ ਕਰ ਕੇ ਵਾਰ-ਵਾਰ ਪ੍ਰਤੀ-ਬੇਨਤੀਆਂ ਕਰਕੇ ਵਿਭਾਗ ਕੋਲੋਂ ਆਰ.ਟੀ.ਆਈ.ਐਕਟ, 2005 ਤਹਿਤ ਸੂਚਨਾ ਮੰਗ ਕੇ ਵਿਭਾਗ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਉਨ੍ਹਾਂ ਵੱਲੋਂ ਇਸ ਸਬੰਧੀ ਆਪਣੇ ਪੱਤਰ ਨੰ:ਆਈ.ਟੀ./ਆਰ.ਟੀ. ਐਕਟ,2005/16/ ਜਗਜੀਤ ਸਿੰਘ/1163, ਮਿਤੀ 13-07-2019 ਰਾਹੀਂ ਇੱਕ ਵਿਸ਼ੇਸ਼ ਕੇਸ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ਸ਼ਿਕਾਇਤਕਰਤਾ, ਸ਼੍ਰੀ ਜਗਜੀਤ ਸਿੰਘ ਨੂੰ ਸੀ.ਬੀ.ਆਈ. ਵੱਲੋਂ ਮਿਤੀ 17-02-2017 ਨੂੰ 50,000/-ਰੁਪਏ (ਕੇਵਲ ਪੰਜਾਹ ਰੁਪਏ) ਦੀ ਰਿਸ਼ਵਤ ਲੈਂਦੇ ਹੋਏ ਰੰਗੀ ਹੱਥੀਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਕੇਸ ਵਿੱਚ ਸੀ.ਬੀ.ਆਈ. ਵੱਲੋਂ ਐਫ.ਆਈ.ਆਰ. ਨੰ:RCCHG2017'0004, ਮਿਤੀ 17-02-2017 ਦਰਜ ਕੀਤੀ ਗਈ ਸੀ। ਇਹ ਕੇਸ ਮਾਣਯੋਗ ਅਦਾਲਤ ਦੇ ਵਿਚਾਰ-ਅਧੀਨ ਹੈ।ਇਸ ਤੋਂ ਇਲਾਵਾ ਉੱਤਰਦਾਤਾ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਪ੍ਰਬੰਧਕੀ ਵਿਭਾਗ ਵੱਲੋਂ ਆਪਣੇ ਪੱਤਰ ਨੰ:10/09/2017-1ਤਸਿ1/249। ਮਿਤੀ 21-02-2017 ਰਾਹੀਂ ਸ਼ਿਕਾਇਤਕਰਤਾ, ਸ਼੍ਰੀ ਜਗਜੀਤ ਸਿੰਘ, ਸੰਯੁਕਤ ਡਾਇਰੈਕਟਰ, ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਨੂੰ ਸੀ.ਬੀ.ਆਈ. ਵੱਲੋ ਹਿਰਾਸਤ ਵਿੱਚ ਲਏ ਜਾਣ ਦੀ ਮਿਤੀ 17-02-2017 ਤੋਂ ਪੰਜਾਬ ਸਿਵਲ ਸੇਵਾਵਾਂ (ਦੰਡ ਦੇ ਅਪੀਲ) ਨਿਯਮ, 1970 ਦੇ ਰੂਲ 4(2) ਦੇ ਸਨਮੁੱਖ ਮੁਅੱਤਲ ਕੀਤਾ ਗਿਆ ਹੈ ਅਤੇ ਪ੍ਰਬੰਧਕੀ ਵਿਭਾਗ ਵੱਲੋਂ ਆਪਣੇ ਪੱਤਰ ਨੰ:10/09/2017-1ਤਸਿ1/1069418, ਮਿਤੀ 20-09-2017 ਰਾਹੀਂ ਸ਼ਿਕਾਇਤਕਰਤਾ, ਸ਼੍ਰੀ ਜਗਜੀਤ ਸਿੰਘ, ਸੰਯੁਕਤ ਡਾਇਰੈਕਟਰ (ਮੁਅੱਤਲੀ ਅਧੀਨ) ਵਿਰੁੱਧ ਅਗਲੀ ਕਾਰਵਾਈ ਕਰਨ ਹਿੱਤ ਸਮਾਇਤ ਮੰਨਜ਼ੂਰੀ ਜਾਰੀ ਕੀਤੀ ਗਈ ਹੈ। ਉੱਤਰਦਾਤਾ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਸ਼ਿਕਾਇਤਕਰਤਾ (ਸ਼੍ਰੀ ਜਗਜੀਤ ਸਿੰਘ) ਵੱਲੋਂ ਵੱਖ-ਵੱਖ ਸਮੇਂ ਤੇ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਦੀਆਂ ਸ਼ਿਕਾਇਤਾਂ ਮਿਤੀ 4/2/2019,1/3/2019, 25/3/2019 ਅਤੇ 13/2/2019 ਆਦਿ ਕੀਤੀਆਂ ਗਈਆਂ ਹਨ। ਇਸ ਸਬੰਧੀ ਰਾਜ ਸਰਕਾਰ ਵਲੋਂ ਵੀ ਸਖਤ ਨੋਟਿਸ ਲਿਆ ਗਿਆ ਹੈ ਅਤੇ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਵੱਲੋਂ ਆਪਣੀ ਪ੍ਰਤੀਬੇਨਤੀ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ ਨੂੰ ਮੀਮੋ:ਨੰ:ਪੀ.ਏ./ਵਧੀਕ ਡਾਇਰੈਕਟਰ/2019/16, ਮਿਤੀ 1/7/2019 ਦਿੰਦੇ ਹੋਏ ਲਿਖਿਆ ਗਿਆ ਹੈ ਕਿ ਫੌਜਦਾਰੀ ਕੇਸ ਜੋ ਕਿ ਸ਼ਿਕਾਇਕਰਤਾ (ਸ਼੍ਰੀ ਜਗਜੀਤ ਸਿੰਘ) ਵਿਰੁੱਧ ਸੀ.ਬੀ.ਆਈ. ਵੱਲੋਂ ਦਰਜ ਕੀਤਾ ਗਿਆ ਹੈ, ਵਿੱਚ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਵਿਭਾਗੀ ਕਾਡਰ ਵਿੱਚ ਵਿਭਾਗ ਦੀ ਸੀਨੀਅਰ ਅਧਿਕਾਰੀ ਹੋਣ ਕਾਰਨ ਸੀ.ਬੀ.ਆਈ. ਵੱਲੋਂ ਉਨ੍ਹਾਂ ਨੂੰ ਬਤੌਰ ਸਰਕਾਰੀ ਗਵਾਹ ਦੇ ਤੌਰ ਤੇ ਨਾਮਜ਼ਦ ਕੀਤਾ ਗਿਆ ਹੈ।ਸ਼ਿਕਾਇਤਕਰਤਾ ਵੱਲੋਂ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਦੀਆਂ ਝੂਠੀਆਂ ਸ਼ਿਕਾਇਤਾਂ ਸਿੱਧੇ ਅਤੇ ਅਸਿੱਧੇ ਤੌਰ ਤੇ ਕਰਕੇ ਅਤੇ ਆਰ.ਟੀ.ਆਈ. ਐਕਟ ਅਧੀਨ ਵਾਰ-ਵਾਰ ਸੂਚਨਾ ਮੰਗ ਕੇ ਉਸ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰ ਰਿਹਾ ਹੈ ਤਾਂ ਜੋ ਸੀ.ਬੀ.ਆਈ. ਕੇਸ ਵਿੱਚ ਸਰਕਾਰੀ ਗਵਾਹ ਤੇ ਦਬਾਅ ਪਾਉਣ/ਸ਼ਿਕਾਇਤਾਂ ਕਰ ਕੇ ਫੌਜਦਾਰੀ ਕੇਸ ਵਿੱਚ

ਪਰਤੋ ਜੀ---ਚਲਦਾ ਪੰਨਾ/4

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਵਿਭਾਗੀ ਪੱਖ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਇਸ ਤਰ੍ਹਾਂ ਉੱਤਰਦਾਤਾ ਵੱਲੋਂ ਆਪਣੇ ਜਵਾਬ ਰਾਹੀਂ ਕਿਹਾ ਗਿਆ ਹੈ ਕਿ ਸ਼ਿਕਾਇਤਕਰਤਾ, ਵੱਲੋਂ ਆਰ.ਟੀ.ਆਈ. ਐਕਟ, 2005 ਦੀ ਦੁਰਵਰਤੋਂ ਕਰਦੇ ਹੋਏ ਆਪਣੇ ਵਿਰੁੱਧ ਚੱਲ ਰਹੇ ਫੌਜਦਾਰੀ ਕੇਸ ਨੂੰ ਪ੍ਰਭਾਵਿਤ ਕਰਨ ਲਈ ਹਥਲੇ ਕੇਸ ਵਿੱਚ ਸੂਚਨਾ ਮੰਗੀ ਜਾ ਰਹੀ ਹੈ ਅਤੇ ਇਸ ਵਿੱਚ ਕੋਈ ਲੋਕ ਹਿੱਤ ਸ਼ਾਮਿਲ ਨਹੀਂ ਹੈ। ਇਸ ਲਈ ਉੱਤਰਦਾਤਾ ਵੱਲੋਂ ਇਹ ਕੇਸ ਦਾਖਲ ਦਫ਼ਤਰ ਕਰਨ ਲਈ ਬੇਨਤੀ ਕੀਤੀ ਗਈ ਹੈ।

7. ਸ਼ਿਕਾਇਤਕਰਤਾ ਨੇ ਉੱਤਰਦਾਤਾ ਵੱਲੋ ਲਗਾਏ ਗਏ ਦੋਸ਼ਾਂ ਨੂੰ ਨਕਾਰਦਿਆਂ ਹੋਇਆਂ, ਉਤਰਦਾਤਾ ਵਿਰੁੱਧ ਦੋਸ਼ ਲਗਾਉਂਦੇ ਹੋਏ ਕਿਹਾ ਗਿਆ ਹੈ ਕਿ ਸ਼੍ਰੀ ਹਰਪਾਲ ਸਿੰਘ, ਉਪ ਡਾਇਰੈਕਟਰ-ਕਮ-ਲੋਕ ਸੂਚਨਾ ਅਧਿਕਾਰੀ ਵੱਲੋਂ ਆਪਣੇ ਅਹੁਦੇ ਦੀ ਦੁਰਵਰਤੋਂ ਕਰਦੇ ਹੋਏ ਮੰਦ-ਭਾਵਨਾ ਨਾਲ ਉਸ ਨੂੰ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਰਹੀ।ਸ਼ਿਕਾਇਤਕਰਤਾ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਉੱਤਰਦਾਤਾ ਵੱਲੋ ਆਰ.ਟੀ.ਆਈ.ਐਕਟ ਦੀ ਉਲੰਘਣਾ ਕੀਤੀ ਜਾ ਰਹੀ ਹੈ। ਸ਼ਿਕਾਇਤਕਰਤਾ ਵੱਲੋਂ ਇਸ ਸਬੰਧੀ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ, ਮਿਤੀ 31-01-2019 ਜੋ ਕਿ ਪਿੱਠ ਅੰਕਣ ਨੰ:10/57/2012-1ਤਸਿ1/1408903/2, ਮਿਤੀ 01-02-2019 ਰਾਹੀਂ ਜਾਰੀ ਕੀਤੇ ਗਏ, ਦੀ ਕਾਪੀ ਪੇਸ਼ ਕਰਦੇ ਹੋਏ ਦੱਸਿਆ ਗਿਆ ਹੈ ਕਿ ਪ੍ਰਮੁੱਖ ਸਕੱਤਰ, ਤਕਨੀਕੀ ਸਿੱਖਿਆ ਵਿਭਾਗ, ਪੰਜਾਬ ਵੱਲੋਂ ਇੱਕ ਵੱਖਰੇ ਕੇਸ ਵਿੱਚ 8 ਲੱਖ ਰੁਪਏ ਦੀ ਰਿਸ਼ਵਤ ਲੈਣ ਸਬੰਧੀ ਪੱਤਰ ਨੰ:10/57/2012-1ਤਸਿ1/2357, ਮਿਤੀ 25-10-2012 ਰਾਹੀਂ ਸ਼ਿਕਾਇਤਕਰਤਾ ਵਿਰੁੱਧ ਜਾਰੀ ਕੀਤੀ ਗਈ ਗਈ ਚਾਰਜਸ਼ੀਟ ਦਾਖਲ ਦਫ਼ਤਰ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾਂ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ ਹੈ।

8. ਸ਼ਿਕਾਇਤਕਰਤਾ ਵੱਲੋਂ 01-04-2005 ਤੋ 31-03-2018 ਤੱਕ ਸਾਰੀਆਂ ਸ਼੍ਰੇਣੀਆਂ ਲਈ ਕੀਤੀ ਗਈ ਭਰਤੀ ਦੇ ਉਮੀਦਵਾਰਾਂ ਦੇ ਸਰਟੀਫਿਕੇਟਾਂ/ ਟੈਸਟੀਮੋਨੀਅਲ ਅਤੇ ਦਸਤਾਵੇਜ਼ਾਂ ਦੀ ਸਕਰੂਟਨੀ/ਚੈਕਿੰਗ/ਵੈਰੀਫਿਕੇਸ਼ਨ ਲਈ ਗਠਿਤ ਕੀਤੀਆਂ ਗਈਆਂ ਕਮੇਟੀਆਂ ਅਤੇ ਹੋਰ ਸਬੰਧਤ ਮਾਮਲੇ, ਮੈਰਿਟ ਲਿਸਟਾਂ ਆਦਿ ਨਾਲ ਸਬੰਧਤ ਹੇਠਾਂ ਦਰਸਾਏ ਗਏ 08 ਨੁਕਤਿਆਂ ਬਾਰੇ ਸੂਚਨਾ ਮੰਗੀ ਗਈ ਹੈ:-

(1) 01-04-2005 ਤੋ 31-03-2018 ਤੱਕ ਸਾਰੀਆਂ ਸ਼੍ਰੇਣੀਆਂ ਲਈ ਕੀਤੀ ਗਈ ਭਰਤੀ ਦੇ ਉਮੀਦਵਾਰਾਂ ਦੀ ਚੋਣ ਲਈ ਸਰਟੀਫਿਕੇਟਾਂ/ ਟੈਸਟੀਮੋਨੀਅਲ ਅਤੇ ਦਸਤਾਵੇਜ਼ਾਂ ਦੀ ਸਕਰੂਟਨੀ/ਚੈਕਿੰਗ/ਵੈਰੀਫਿਕੇਸ਼ਨ ਅਤੇ ਹੋਰ ਸਬੰਧਤ ਮਾਮਲਿਆਂ ਲਈ ਕਮੇਟੀਆਂ ਗਠਿਤ ਕਰਨ ਲਈ ਜਾਰੀ ਕੀਤੇ ਗਏ ਹੁਕਮਾਂ ਦੀਆਂ ਸਰਟੀਫਾਈਡ ਕਾਪੀਆਂ;

(2) 01-04-2005 ਤੋ 31-03-2018 ਤੱਕ ਲੜੀ ਨੰ:1 ਤੇ ਜਾਰੀ ਕੀਤੇ ਗਏ ਹੁਕਮਾਂ ਨਾਲ ਸਬੰਧਤ ਮਿਸਲਾਂ ਦੇ ਨੋਟਿੰਗ ਪੰਨਿਆਂ ਦੀਆਂ ਸਰਟੀਫਾਈਡ ਕਾਪੀਆਂ;

(3) 01-04-2005 ਤੋ 31-03-2018 ਤੱਕ ਸਾਰੀਆਂ ਸ਼੍ਰੇਣੀਆਂ ਲਈ ਕੀਤੀ ਗਈ ਭਰਤੀ ਦੇ ਉਮੀਦਵਾਰਾਂ ਦੀਆਂ ਮੈਰਿਟ ਲਿਸਟਾਂ ਤਿਆਰ ਕਰਨ ਅਤੇ ਚੈੱਕ ਅਤੇ ਪ੍ਰਵਾਨ ਕਰਨ ਲਈ ਸਬੰਧਤ ਕਰਮਚਾਰੀਆਂ/

ਪਰਤੋ ਜੀ-----ਚਲਦਾ ਪੰਨਾ/5

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**





ਅਧਿਕਾਰੀਆਂ ਦੀ ਡਿਊਟੀ ਲਾਉਣ ਲਈ ਜਾਰੀ ਕੀਤੇ ਗਏ ਹੁਕਮਾਂ ਦੀਆਂ ਸਰਟੀਫਾਈਡ ਕਾਪੀਆਂ;

(4) 01-04-2005 ਤੋ 31-03-2018 ਤੱਕ ਸਾਰੀਆਂ ਸ਼੍ਰੇਣੀਆਂ ਦੀਆਂ ਆਸਾਮੀਆਂ ਲਈ ਕਰਮਚਾਰੀਆਂ/ਅਧਿਕਾਰੀਆਂ ਵੱਲੋਂ ਤਿਆਰ ਕੀਤੀਆਂ ਗਈਆਂ ਅਤੇ ਸਮਰੱਥ ਅਧਿਕਾਰੀ ਵੱਲੋਂ ਪ੍ਰਵਾਨ ਕੀਤੀਆਂ ਗਈਆਂ ਮੈਰਿਟ ਲਿਸਟਾਂ ਦੀਆਂ ਸਰਟੀਫਾਈਡ ਕਾਪੀਆਂ;

(5) ਐਕਸਟਰਨਲ ਏਜੰਸੀ-ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਸਾਰੀਆਂ ਸ਼੍ਰੇਣੀਆਂ ਦੀਆਂ ਆਸਾਮੀਆਂ ਦੇ ਉਮੀਦਵਾਰਾਂ ਦੀਆਂ ਤਿਆਰ ਕੀਤੀਆਂ ਗਈਆਂ ਮੈਰਿਟ ਲਿਸਟਾਂ, ਜਿਨ੍ਹਾਂ ਅਨੁਸਾਰ ਉਮੀਦਵਾਰ ਪ੍ਰੀਖਿਆ ਜਾਂ ਹੋਰ ਤਰੀਕੇ ਨਾਲ ਸ਼ਾਰਟ-ਲਿਸਟਿਡ ਕੀਤੇ ਗਏ, ਦੀਆਂ ਸਰਟੀਫਾਈਡ ਕਾਪੀਆਂ;

(6) ਐਕਸਟਰਨਲ ਏਜੰਸੀ-ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਮਿਤੀ 01-04-2005 ਤੋ 31-03-2018 ਤੱਕ ਸਾਰੀਆਂ ਸ਼੍ਰੇਣੀਆਂ ਲਈ ਕੀਤੀ ਗਈ ਭਰਤੀ ਦੇ ਉਮੀਦਵਾਰਾਂ ਦੀਆਂ ਮੈਰਿਟ ਲਿਸਟਾਂ ਵਿਭਾਗ ਦੇ ਕਰਮਚਾਰੀਆਂ/ਅਧਿਕਾਰੀਆਂ ਨੂੰ ਦੇਣ (Handed over) ਸਬੰਧੀ ਦਸਤਾਵੇਜਾਂ ਦੀਆਂ ਸਰਟੀਫਾਈਡ ਕਾਪੀਆਂ;

(7) ਮਿਤੀ 01-04-2005 ਤੋ 31-03-2018 ਤੱਕ ਲੜੀ ਨੰ:4 ਤੇ ਪ੍ਰਵਾਨ ਕੀਤੀਆਂ ਮੈਰਿਟ ਲਿਸਟਾਂ ਦੇ ਅਧਾਰ ਤੇ ਉਮੀਦਵਾਰਾਂ ਨੂੰ ਨਿਯੁਕਤੀਆਂ ਲਈ ਜਾਰੀ ਕੀਤੇ ਹੁਕਮਾਂ ਨਾਲ ਸਬੰਧਤ ਮਿਸਲਾਂ ਦੇ ਨੋਟਿੰਗ ਪੰਨਿਆਂ ਦੀਆਂ ਸਰਟੀਫਾਈਡ ਕਾਪੀਆਂ; ਅਤੇ

(8) ਮਿਤੀ 01-04-2005 ਤੋ 31-03-2018 ਤੱਕ ਸਾਰੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਦੀਆਂ ਨਿਯੁਕਤੀਆਂ ਜਾਰੀ ਕਰਨ ਉਪਰੰਤ ਸਾਰੀਆਂ ਮੈਰਿਟ ਲਿਸਟਾਂ ਕਰਮਚਾਰੀਆਂ/ਅਧਿਕਾਰੀਆਂ ਵੱਲੋਂ ਸੇਫ ਕਸਟਡੀ ਵਿੱਚ ਰੱਖਣ ਲਈ ਜਾਰੀ ਕੀਤੈ ਗਏ ਹੁਕਮਾਂ ਨਾਲ ਸਬੰਧਤ ਸਾਰੇ ਡਾਕੂਮੈਂਟਾਂ ਦੀਆਂ ਸਰਟ੍ਰਿਫਾਈਡ ਕਾਪੀਆਂ।

9. ਕਮਿਸ਼ਨ ਵੱਲੋਂ ਦੋਵਾਂ ਧਿਰਾਂ ਵੱਲੋਂ ਪੇਸ਼ ਕੀਤੇ ਗਏ ਜਵਾਬ ਅਤੇ ਦਫਤਰੀ ਰਿਕਾਰਡ ਤੇ ਆਏ ਤੱਥਾਂ ਨੂੰ ਨੂੰ ਗਹੁ ਨਾਲ ਘੋਖਿਆ ਗਿਆ ਹੈ।ਦੋਵਾਂ ਧਿਰਾਂ ਵੱਲੋਂ ਇੱਕ ਦੂਜੇ ਤੇ ਲਗਾਏ ਗਏ ਦੋਸ਼ਾਂ ਦਾ ਭਾਵੇਂ ਕਿ ਆਰ.ਟੀ.ਆਈ. ਐਕਟ, 2005 ਨਾਲ ਕੋਈ ਸਬੰਧ ਨਹੀਂ ਹੈ ਪਰੰਤੂ ਇਹ ਜ਼ਰੂਰ ਜ਼ਾਹਿਰ ਹੁੰਦਾ ਹੈ ਕਿ ਸ਼ਿਕਾਇਤਕਰਤਾ ਵੱਲੋਂ ਆਰ.ਟੀ.ਆਈ.ਅਰਜ਼ੀ ਕੇਵਲ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਨੂੰ ਪ੍ਰੇਸ਼ਾਨ ਕਰਨ ਲਈ ਪਾਈ ਗਈ ਹੈ ਕਿਉਂਕਿ ਸ਼ਿਕਾਇਤਕਰਤਾ ਵੱਲੋਂ ਵੱਖ-ਵੱਖ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਅਤੇ ਜਿਨ੍ਹਾਂ ਵਿੱਚ ਸਰਕਾਰੀ ਕਾਰ ਬਾਰੇ ਵੀ ਸੂਚਨਾ ਮੰਗੀ ਗਈ ਹੈ, ਜਿਹੜੀ ਕਿ ਇਸ ਅਧਿਕਾਰੀ ਨੂੰ ਅਲਾਟ ਕੀਤੀ ਹੋਈ ਹੈ। ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਵਿਭਾਗੀ ਕਾਡਰ ਵਿੱਚ ਵਿਭਾਗ ਦੀ ਸੀਨੀਅਰ ਅਧਿਕਾਰੀ ਹੋਣ ਕਾਰਨ ਸੀ.ਬੀ.ਆਈ. ਵੱਲੋਂ ਸ਼ਿਕਾਇਤਕਰਤਾ ਵਿਰੁੱਧ ਦਰਜ ਫੌਜ਼ਦਾਰੀ ਕੇਸ ਵਿੱਚ ਬਤੌਰ ਸਰਕਾਰੀ ਗਵਾਹ ਦੇ ਤੌਰ ਤੇ ਨਾਮਜ਼ਦ ਕੀਤੇ ਹੋਏ ਹਨ।ਇਸ ਤਰ੍ਹਾਂ ਸ਼ਿਕਾਇਤਕਰਤਾ ਵੱਲੋਂ ਉਸ ਤੇ ਸੀ.ਬੀ.ਆਈ. ਵੱਲੋਂ ਫੌਜ਼ਦਾਰੀ ਕੇਸ ਦਰਜ ਕਰਨ ਤੋਂ ਬਾਅਦ ਸ਼੍ਰੀਮਤੀ ਦਲਜੀਤ ਕੌਰ, ਵਧੀਕ ਡਾਇਰੈਕਟਰ, ਦੀ ਸਰਕਾਰੀ ਗਵਾਹੀ ਨੂੰ ਪ੍ਰਭਾਵਿਤ ਕਰ ਕੇ ਸਰਕਾਰੀ ਪੱਖ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਸ ਵੱਲੋਂ ਮੰਗੀ ਗਈ ਸੂਚਨਾ ਵਿੱਚ

ਪਰਤੋ ਜੀ-----ਚਲਦਾ ਪੰਨਾ/6

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਸ਼ਿਕਾਇਤ ਕੇਸ ਨੰ:241/2019

ਕੋਈ ਲੋਕ ਹਿੱਤ ਨਜ਼ਰ ਨਹੀਂ ਆਉਂਦਾ।ਇਸ ਸਥਿਤੀ ਦੇ ਸਨਮੁੱਖ ਅਤੇ ਇਹ ਇੱਕ ਸ਼ਿਕਾਇਤ ਕੇਸ ਹੋਣ ਕਾਰਨ ਸ਼ਿਕਾਇਤਕਰਤਾ ਨੂੰ ਕੋਈ ਸੂਚਨਾ ਮੁਹੱਈਆ ਕਰਾਉਣੀ ਨਹੀਂ ਬਣਦੀ।ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 09 **ਸਤੰਬਰ,** 2019.